## ਅਸੀਂ ਕੌਣ ਹਾਂ

ਅਸੀਂ ਇੱਕ ਏਜੰਸੀ ਹਾਂ, ਜਿਸਨੂੰ ਓਨਟੈਰੀਓ ਸਰਕਾਰ ਦੁਆਰਾ ਇਹ ਯਕੀਨੀ ਬਣਾਉਣ ਦਾ ਅਧਿਕਾਰ ਦਿੱਤਾ ਗਿਆ ਹੈ ਕਿ ਬੱਚੇ ਅਤੇ ਨੌਜਵਾਨ ਬਦਸਲੂਕੀ ਅਤੇ ਅਣਗਹਿਲੀ ਤੋਂ ਸੁਰੱਖਿਅਤ ਰਹਿਣ।

## ਅਸੀਂ ਕੀ ਕਰਦੇ ਹਾਂ

ਅਸੀਂ ਬੱਚਿਆਂ ਨਾਲ ਬਦਸਲੂਕੀ ਅਤੇ ਅਣਗਹਿਲੀ ਦੀਆਂ ਰਿਪੋਰਟਾਂ ਦੀ ਜਾਂਚ ਕਰਦੇ ਹਾਂ, ਉਨ੍ਹਾਂ ਪਰਿਵਾਰਾਂ ਨੂੰ ਸੇਵਾਵਾਂ ਪ੍ਰਦਾਨ ਕਰਦੇ ਹਾਂ ਜਿਨ੍ਹਾਂ ਨੂੰ ਆਪਣੇ ਬੱਚਿਆਂ ਦੀ ਸੁਰੱਖਿਅਤ ਦੇਖਭਾਲ ਕਰਨ ਲਈ ਸਹਾਇਤਾ ਦੀ ਲੋੜ ਹੁੰਦੀ ਹੈ ਅਤੇ ਅਸੀਂ ਬੱਚਿਆਂ ਨੂੰ ਰਿਸ਼ਤੇਦਾਰਾਂ ਜਾਂ ਲਾਇਸੰਸਸ਼ੁਦਾ ਏਜੰਸੀ ਸੰਭਾਲ ਪ੍ਰਦਾਤਾਵਾਂ ਦੇ ਨਾਲ ਰਹਿਣ ਦਾ ਪ੍ਰਬੰਧ ਕਰਦੇ ਹਾਂ ਜਦੋਂ ਉਹ ਆਪਣੇ ਮਾਪਿਆਂ ਨਾਲ ਰਹਿਣ ਦੇ ਯੋਗ ਨਹੀਂ ਹੁੰਦੇ ਹਨ। ਸਾਡੀ ਏਜੰਸੀ ਹਰ ਸਾਲ 6,500 ਤੋਂ ਵੱਧ ਪਰਿਵਾਰਾਂ ਨਾਲ ਕੰਮ ਕਰਦੀ ਹੈ। ਸਾਡੇ ਵੱਲੋਂ ਜਾਂਚ ਕੀਤੀ 96% ਰਿਪੋਰਟ ਕੀਤੀਆਂ ਗਈਆਂ ਚਿੰਤਾਵਾਂ ਵਿੱਚ ਬੱਚੇ ਆਪਣੇ ਘਰ ਵਿੱਚ ਹੀ ਰਹਿੰਦੇ ਹਨ। ਅਸੀਂ ਜਾਣਦੇ ਹਾਂ ਕਿ ਜਿਨ੍ਹਾਂ ਬੱਚਿਆਂ ਨੂੰ ਉਨ੍ਹਾਂ ਦੇ ਜਾਣ-ਪਛਾਣ ਵਾਲੇ ਲੋਕਾਂ ਦੁਆਰਾ ਸਹਾਇਤਾ ਪ੍ਰਾਪਤ ਹੁੰਦੀ ਹੈ, ਉਹ ਲੰਬੇ ਸਮੇਂ ਵਿੱਚ ਉਨ੍ਹਾਂ ਬੱਚਿਆਂ ਨਾਲੋਂ ਬਿਹਤਰ ਪ੍ਰਦਰਸ਼ਨ ਕਰਦੇ ਹਨ ਜਿਨ੍ਹਾਂ ਨੂੰ ਏਜੰਸੀ-ਅਧਾਰਤ ਦੇਖਭਾਲ ਕਰਨ ਵਾਲੇ ਦੇ ਘਰ ਰੱਖਿਆ ਜਾਂਦਾ ਹੈ। ਅਸੀਂ ਸੰਯੁਕਤ ਰਾਸ਼ਟਰ ਦੇ ਬਾਲ ਅਧਿਕਾਰਾਂ ਦੇ ਐਲਾਨਨਾਮੇ ਦੀ ਪਾਲਣਾ ਕਰਦੇ ਹਾਂ।

## ਸਾਡੇ ਨਾਲ ਕਿਵੇਂ ਜੁੜਨਾ ਹੈ:

ਜੇ ਖਤਰੇ ਵਿੱਚ ਕਿਸੇ ਬੱਚੇ ਬਾਰੇ ਤੁਹਾਡੇ ਕੋਈ ਸਵਾਲ ਜਾਂ ਸ਼ੰਕਾ ਹੈ, ਤਾਂ ਅਸੀਂ ਦਿਨ ਦੇ 24 ਘੰਟੇ, ਹਫ਼ਤੇ ਦੇ 7 ਦਿਨ ਉਪਲਬਧ ਹਾਂ।

ਟੈਲੀਫ਼ੋਨ: 1-800-461-4236

familyconnexions.ca

ਇਹ ਪਰਚਾ ਅਸਲ ਵਿੱਚ Simcoe Muskoka Family Connexions ਦੁਆਰਾ ਬਣਾਇਆ ਅਤੇ ਡਿਜ਼ਾਇਨ ਕੀਤਾ ਗਿਆ ਸੀ - ਇਸ ਨੂੰ ਆਗਿਆ ਨਾਲ ਛਾਪਿਆ ਗਿਆ ਹੈ

### ਸਾਨੂੰ ਕਿੱਥੇ ਲੱਭਣਾ ਹੈ:

ਬੈਰੀ (Barrie)
60 Bell Farm Road, Unit 7, L4M 5G6
(705) 726-6587 ਜਾਂ 1-800-461-4236

ਬਰੇਸਬ੍ਰਿਜ (Bracebridge)
193 Manitoba Street, Unit 5, P1L 1S3
(705) 645-4426

ਕੋਲਿੰਗਵੁੱਡ (Collingwood)
186 Hurontario Street, Unit 105, L9Y 4T4 (705) 444-9160

ਹੰਟਸਵਿਲੇ (Huntsville)
81 Main Street West, P1H 1X1
(705) 789-8866

ਮਿਡਲੈਂਡ (Midland)
741 Yonge Street, Units 7 & 8, L4R 2E1
(705) 526-9341

ਓਰੀਲੀਆ (Orillia)
250 West Street N, Unit 3, L3V 5C9
(705) 325-1005 ਜਾਂ 1-800-422-9970

ਵਰਕਰ ਦਾ ਨਾਮ: ______________________
ਫ਼ੋਨ ਨੰਬਰ: ______________________
ਈਮੇਲ: ______________________
ਹੋਰ ਨੋਟਸ:

/SMFConnexions
@SMFConnexions
SMFConnexions

Simcoe Muskoka
**Family Connexions**
**Connexions Familiales**
de Simcoe Muskoka

# ਅਸੀਂ ਕੌਣ ਹਾਂ ਅਤੇ ਅਸੀਂ ਕੀ ਕਰਦੇ ਹਾਂ: ਨਵੇਂ ਆਉਣ ਵਾਲਿਆਂ ਲਈ ਇੱਕ ਗਾਈਡ

ਜੇ ਤੁਹਾਨੂੰ ਕੋਈ ਸ਼ੰਕਾ ਹੈ, ਤਾਂ ਅਸੀਂ ਏਥੇ ਸੁਣਨ ਅਤੇ ਇਸਨੂੰ ਹੱਲ ਕਰਨ ਵਿੱਚ ਮਦਦ ਕਰਨ ਲਈ ਮੌਜੂਦ ਹਾਂ।

## ਸਾਡੇ ਮੁੱਲ

ਸਹਿਯੋਗ ਜਵਾਬਦੇਹੀ ਸਤਿਕਾਰ ਇਕੁਇਟੀ

## ਬੱਚਿਆਂ ਅਤੇ ਨੌਜਵਾਨਾਂ ਨੂੰ ਸੁਰੱਖਿਅਤ ਅਤੇ ਤੰਦਰੁਸਤ ਰੱਖਣ ਵਿੱਚ ਮਾਪਿਆਂ/ਪਰਿਵਾਰਾਂ ਦੀ ਸਹਾਇਤਾ ਵਿੱਚ ਸਾਡੀ ਸ਼ਮੂਲੀਅਤ ਦੇ ਕਾਰਨ

ਜ਼ਿਆਦਾਤਰ ਮਾਮਲਿਆਂ ਵਿੱਚ, ਸਾਡੀ ਏਜੰਸੀ ਨੂੰ ਕਮਿਊਨਿਟੀ ਮੈਂਬਰਾਂ ਜਾਂ ਸਥਾਨਕ ਪੇਸ਼ੇਵਰਾਂ (ਜਿਵੇਂ ਕਿ ਅਧਿਆਪਕ, ਜਨਤਕ ਸਿਹਤ ਕਰਮਚਾਰੀ, ਪੁਲਿਸ ਅਧਿਕਾਰੀ, ਆਦਿ) ਦੁਆਰਾ ਬੁਲਾਇਆ ਜਾਂਦਾ ਹੈ ਜੋ ਬੱਚੇ ਅਤੇ/ਜਾਂ ਨੌਜਵਾਨ ਦੀਆਂ ਭਾਵਨਾਤਮਕ ਅਤੇ/ਜਾਂ ਬੁਨਿਆਦੀ ਸਰੀਰਕ ਜ਼ਰੂਰਤਾਂ (ਜਿਵੇਂ ਕਿ ਭੋਜਨ, ਆਸਰਾ, ਕੱਪੜੇ, ਆਦਿ) ਨੂੰ ਪੂਰਾ ਕਰਨ ਲਈ ਪਰਿਵਾਰ ਦੀ ਯੋਗਤਾ ਬਾਰੇ ਚਿੰਤਤ ਹੁੰਦੇ ਹਨ।

ਉਪਲਬਧ ਖੋਜ ਦੇ ਅਨੁਸਾਰ, "ਓਨਟਾਰੀਓ ਵਿੱਚ 89% ਬੱਚੇ ਜੋ ਬੱਚਿਆਂ ਦੀ ਸਹਾਇਤਾ ਸੁਸਾਇਟੀਆਂ ਤੋਂ ਸੇਵਾਵਾਂ ਪ੍ਰਾਪਤ ਕਰਦੇ ਹਨ, ਅਜਿਹਾ ਇਸ ਲਈ ਕਰਦੇ ਹਨ ਕਿਉਂਕਿ ਉਨ੍ਹਾਂ ਦੇ ਪਰਿਵਾਰ ਉਨ੍ਹਾਂ ਦੀਆਂ ਸਰੀਰਕ ਅਤੇ ਭਾਵਨਾਤਮਕ ਜ਼ਰੂਰਤਾਂ ਨੂੰ ਪੂਰਾ ਕਰਨ ਵਿੱਚ ਅਸਮਰੱਥ ਹੁੰਦੇ ਹਨ। ਖੋਜ ਦਰਸਾਉਂਦੀ ਹੈ ਕਿ ਬੱਚੇ ਦੀਆਂ ਸਰੀਰਕ, ਭਾਵਨਾਤਮਕ ਅਤੇ ਸਮਾਜਿਕ ਜ਼ਰੂਰਤਾਂ ਨੂੰ ਲਗਾਤਾਰ ਪੂਰਾ ਨਾ ਕਰਨ ਦਾ ਪ੍ਰਭਾਵ ਵਿਨਾਸ਼ਕਾਰੀ ਹੋ ਸਕਦਾ ਹੈ ਅਤੇ ਬਾਅਦ ਵਿੱਚ ਜੀਵਨ ਵਿੱਚ ਗੰਭੀਰ ਸਮੱਸਿਆਵਾਂ ਦਾ ਕਾਰਨ ਬਣ ਸਕਦਾ ਹੈ (Ontario Association of Children's Aid Society - OACAS)।

## ਸੁਰੱਖਿਆ ਅਤੇ ਤੰਦਰੁਸਤੀ ਵਾਸਤੇ ਕਿਸੇ ਬੱਚੇ/ਨੌਜਵਾਨ ਦੀਆਂ ਲੋੜਾਂ ਦੀ ਪੂਰਤੀ ਕਰਨਾ ਕੁਝ ਪਰਿਵਾਰਾਂ ਨੂੰ ਚੁਣੌਤੀਪੂਰਨ ਕਿਉਂ ਲੱਗਦਾ ਹੈ:

ਜਿਨ੍ਹਾਂ ਬੱਚਿਆਂ ਅਤੇ ਨੌਜਵਾਨਾਂ ਨੂੰ ਅਸੀਂ ਸਹਾਇਤਾ ਪ੍ਰਦਾਨ ਕਰਦੇ ਹਾਂ ਉਹ ਉਨ੍ਹਾਂ ਪਰਿਵਾਰਾਂ ਦਾ ਹਿੱਸਾ ਹਨ ਜੋ ਉਨ੍ਹਾਂ ਮੁੱਦਿਆਂ ਨਾਲ ਜੂਝ ਰਹੇ ਹਨ ਜੋ ਪਾਲਣ-ਪੋਸ਼ਣ ਨੂੰ ਪਹਿਲਾਂ ਨਾਲੋਂ ਵੀ ਜ਼ਿਆਦਾ ਚੁਣੌਤੀਪੂਰਨ ਬਣਾ ਸਕਦੇ ਹਨ। ਇਹਨਾਂ ਮੁਸ਼ਕਿਲਾਂ ਵਿੱਚੋਂ ਕੁਝ ਵਿੱਚ ਮਾਨਸਿਕ ਸਿਹਤ ਸੰਘਰਸ਼, ਨਸ਼ਿਆਂ ਦੀ ਆਦਤ, ਸਮਾਜਿਕ ਇਕੱਲਤਾ, ਸਦਮਾ ਅਤੇ ਬਹੁਤ ਜ਼ਿਆਦਾ ਵਿੱਤੀ ਤਣਾਅ ਸ਼ਾਮਲ ਹਨ।



"ਪ੍ਰਾਂਤ ਭਰ ਵਿੱਚ ਬਾਲ ਸਹਾਇਤਾ ਸੁਸਾਇਟੀਆਂ ਵਿੱਚੋਂ ਤਿਰਵੰਜਾ ਪ੍ਰਤੀਸ਼ਤ (53%) ਪਰਿਵਾਰ ਉਪਰੋਕਤ ਵਿੱਚੋਂ ਇੱਕ ਜਾਂ ਵਧੇਰੇ ਮੁਸ਼ਕਿਲਾਂ ਦਾ ਅਨੁਭਵ ਕਰਦੇ ਹਨ" OACAS।

ਇਹ ਮੁਸ਼ਕਿਲਾਂ ਅਕਸਰ ਲੋਕਾਂ ਦੀ ਸੇਵਾਵਾਂ ਤੱਕ ਪਹੁੰਚ ਦੀ ਘਾਟ, ਰਹਿਣ-ਸਹਿਣ ਯੋਗ ਦਿਹਾੜੀ ਅਤੇ ਮਹੱਤਵਪੂਰਨ ਸਮਾਜਿਕ ਸਰੋਤਾਂ ਕਾਰਨ ਹੁੰਦੀਆਂ ਹਨ ਅਤੇ/ਜਾਂ ਕਾਇਮ ਰਹਿੰਦੀਆਂ ਹਨ ਜੋ ਕਈ ਤਰ੍ਹਾਂ ਦੇ ਸੰਕਟਾਂ (ਜਿਵੇਂ ਕਿ ਭੋਜਨ ਦੀ ਘਾਟ, ਕਿਫ਼ਾਇਤੀ ਡੇਅਕੇਅਰ, ਕਲੀਨਿਕਲ ਸੇਵਾਵਾਂ, ਸਿਹਤ ਸੰਭਾਲ, ਨਾਕਾਫ਼ੀ ਰਿਹਾਇਸ਼, ਆਦਿ) ਵਿੱਚ ਸਰਗਰਮੀ ਨਾਲ ਯੋਗਦਾਨ ਪਾ ਸਕਦੀਆਂ ਹਨ।

ਇਹ ਤਰ੍ਹਾਂ ਦੇ ਸੰਕਟ ਪਾਲਣ-ਪੋਸ਼ਣ ਅਤੇ ਹਰ ਪਿਛੋਕੜ ਦੇ ਪਰਿਵਾਰਾਂ 'ਤੇ ਪ੍ਰਭਾਵ ਪਾ ਸਕਦੇ ਹਨ ਅਤੇ ਸਾਡੀ ਏਜੰਸੀ ਦੀ ਸਹਾਇਤਾ ਲਈ ਸ਼ਾਮਿਲ ਹੋਣ ਦੀ ਲੋੜ ਪੈ ਸਕਦੀ ਹੈ।

## ਕੀ ਹੁੰਦਾ ਹੈ ਜਦੋਂ ਸਾਨੂੰ ਜਨਤਾ ਵੱਲੋਂ ਕੋਈ ਅਜਿਹਾ ਵਿਅਕਤੀ ਵੱਲੋਂ ਬੁਲਾਇਆ ਜਾਂਦਾ ਹੈ ਜਿਸਨੂੰ ਬੱਚੇ/ਯੁਵਕ ਦੀ ਸੁਰੱਖਿਆ ਅਤੇ ਤੰਦਰੁਸਤੀ ਦੀ ਚਿੰਤਾ ਹੋਵੇ?

ਜਦੋਂ ਏਜੰਸੀ ਨੂੰ ਕਮਿਊਨਿਟੀ ਦੇ ਕਿਸੇ ਵਿਅਕਤੀ ਦੁਆਰਾ ਬੁਲਾਇਆ ਜਾਂਦਾ ਹੈ, ਤਾਂ ਚਿੰਤਾਵਾਂ ਦੀ ਜਾਂਚ ਇਹ ਫੈਸਲਾ ਕਰਨ ਵਿੱਚ ਮਦਦ ਕਰੇਗੀ ਕਿ ਕੀ ਬੱਚੇ/ਨੌਜਵਾਨ ਨੂੰ ਨੁਕਸਾਨ ਪਹੁੰਚਿਆ ਸੀ ਜਾਂ ਨੁਕਸਾਨ ਹੋਣ ਦਾ ਖ਼ਤਰਾ ਸੀ। ਜੇਕਰ ਬੱਚੇ/ਨੌਜਵਾਨ ਦੀ ਸੁਰੱਖਿਆ ਨੂੰ ਚਿੰਤਾ ਦਾ ਵਿਸ਼ਾ ਮੰਨਿਆ ਜਾਂਦਾ ਹੈ, ਤਾਂ ਅਸੀਂ ਬੱਚੇ/ਨੌਜਵਾਨ ਨੂੰ ਸੁਰੱਖਿਅਤ ਰੱਖਣ ਦਾ ਸਭ ਤੋਂ ਵਧੀਆ ਤਰੀਕਾ ਨਿਰਧਾਰਤ ਕਰਨ ਲਈ ਪਰਿਵਾਰ ਨਾਲ ਕੰਮ ਕਰਾਂਗੇ, ਜਿਸ ਵਿੱਚ ਪਰਿਵਾਰ ਲਈ ਸਹਾਇਕ ਸੇਵਾਵਾਂ ਸ਼ਾਮਲ ਹੋ ਸਕਦੀਆਂ ਹਨ।

## ਅਸੀਂ ਇਹ ਯਕੀਨੀ ਬਣਾਉਣ ਲਈ ਪਰਿਵਾਰਾਂ ਅਤੇ ਉਹਨਾਂ ਦੇ ਕਮਿਊਨਿਟੀ ਨਾਲ ਕੰਮ ਕਰਦੇ ਹਾਂ ਕਿ ਬੱਚੇ ਸੁਰੱਖਿਅਤ ਅਤੇ ਤੰਦਰੁਸਤ ਹਨ

ਬੱਚਿਆਂ ਦੀ ਸੁਰੱਖਿਆ ਅਤੇ ਤੰਦਰੁਸਤੀ ਇੱਕ ਸਾਂਝੀ ਭਾਈਚਾਰਕ ਜ਼ੁੰਮੇਵਾਰੀ ਹੈ। ਉਹਨਾਂ ਸੇਵਾਵਾਂ ਦੀ ਅਦਾਇਗੀ ਕਰਨ ਲਈ ਜਿਨ੍ਹਾਂ ਦੀ ਬੱਚਿਆਂ ਅਤੇ ਪਰਿਵਾਰਾਂ ਨੂੰ ਲੋੜ ਹੁੰਦੀ ਹੈ, ਅਸੀਂ ਭਾਈਵਾਲਾਂ ਨਾਲ ਸਹਿਯੋਗ ਕਰਦੇ ਹਾਂ ਜਿਵੇਂ ਕਿ: ਬਾਲਗ ਅਤੇ ਬੱਚਿਆਂ ਦੀਆਂ ਮਾਨਸਿਕ ਸਿਹਤ ਸੇਵਾਵਾਂ, ਨਸ਼ਾ ਛੁਡਾਊ ਕੇਂਦਰ, ਰੁਜ਼ਗਾਰ ਕੇਂਦਰ, ਔਰਤਾਂ ਦੇ ਆਸਰਾ, ਡੇਅ ਕੇਅਰ, ਕਮਿਊਨਿਟੀ ਸੈਂਟਰ, ਸਲਾਹ-ਮਸ਼ਵਰਾ ਸੇਵਾਵਾਂ, ਰਿਹਾਇਸ਼ ਸਹਾਇਤਾ ਕਰਮਚਾਰੀ, ਸਕੂਲ ਅਤੇ ਹਸਪਤਾਲ।

ਅਸੀਂ ਜਾਣਦੇ ਹਾਂ ਕਿ ਭਾਵੇਂ ਸਮਾਜਿਕ ਸੇਵਾਵਾਂ ਹੱਲ ਦਾ ਇੱਕ ਮਹੱਤਵਪੂਰਨ ਹਿੱਸਾ ਹਨ, ਪਰ ਅਸੀਂ ਕਦੇ ਵੀ ਪਰਿਵਾਰਾਂ, ਵਿਸਤ੍ਰਿਤ ਪਰਿਵਾਰਕ ਮੈਂਬਰਾਂ ਅਤੇ ਸਹਾਇਕ ਭਾਈਚਾਰਿਆਂ ਤੋਂ ਮਿਲਣ ਵਾਲੇ ਪਿਆਰ ਅਤੇ ਪਾਲਣ-ਪੋਸ਼ਣ ਦੀ ਥਾਂ ਨਹੀਂ ਲੈ ਸਕਦੇ।

## ਤੁਹਾਡੇ ਅਧਿਕਾਰ

ਜੇਕਰ ਅਸੀਂ ਤੁਹਾਡੇ ਪਰਿਵਾਰ ਨਾਲ ਜੁੜ ਜਾਂਦੇ ਹਾਂ ਤਾਂ:

- ਤੁਹਾਨੂੰ ਸਾਡੀ ਸ਼ਮੂਲੀਅਤ ਦੇ ਕਾਰਨ ਨੂੰ ਪੂਰੀ ਤਰ੍ਹਾਂ ਸਮਝਣ ਦਾ ਅਧਿਕਾਰ ਹੈ। ਤੁਹਾਨੂੰ ਇਸ ਵਿੱਚ ਇਹ ਬੇਨਤੀ ਕਰਨ ਦਾ ਅਧਿਕਾਰ ਵੀ ਸ਼ਾਮਲ ਹੈ ਕਿ ਜਾਣਕਾਰੀ ਉਸ ਭਾਸ਼ਾ ਵਿੱਚ ਪੇਸ਼ ਕੀਤੀ ਜਾਵੇ ਜਿਸ ਭਾਸ਼ਾ ਨੂੰ ਤੁਸੀਂ ਸਭ ਤੋਂ ਵਧੀਆ ਢੰਗ ਨਾਲ ਸਮਝਦੇ ਹੋ।
- ਤੁਹਾਨੂੰ ਸਾਡੇ ਨਾਲ ਗੱਲ ਕਰਨ ਦਾ ਅਧਿਕਾਰ ਹੈ ਜਦੋਂ ਤੁਹਾਨੂੰ ਮਿਲ ਰਹੀਆਂ ਸੇਵਾਵਾਂ ਤੁਹਾਡੀਆਂ ਜ਼ਰੂਰਤਾਂ ਨੂੰ ਪੂਰਾ ਨਹੀਂ ਕਰ ਰਹੀਆਂ ਹਨ ਜਾਂ ਜਦੋਂ ਤੁਸੀਂ ਸਾਡੇ ਦੁਆਰਾ ਲਏ ਗਏ ਫੈਸਲਿਆਂ ਨਾਲ ਅਸਹਿਮਤ ਹੋ। ਜੇ ਅਸੀਂ ਤੁਹਾਡੇ ਸ਼ੰਕਿਆਂ ਦਾ ਹੱਲ ਨਹੀਂ ਕਰਦੇ ਤਾਂ ਤੁਹਾਨੂੰ ਕਿਸੇ ਬਾਹਰੀ ਸ਼ਿਕਾਇਤਾਂ ਦੀ ਪ੍ਰਕਿਰਿਆ ਵਿੱਚ ਜਾਣ ਦਾ ਅਧਿਕਾਰ ਹੈ।
- ਕੁਝ ਅਜਿਹੇ ਹਾਲਾਤ ਹਨ ਜੋ ਸਾਨੂੰ ਕਿਸੇ ਜੱਜ ਨੂੰ ਫੈਸਲੇ ਲੈਣ ਲਈ ਕਹਿਣ ਲਈ ਅਦਾਲਤ ਨੂੰ ਜਾਣਕਾਰੀ ਪੇਸ਼ ਕਰਨ ਦੀ ਲੋੜ ਪੈਂਦੇ ਹਨ। ਜੇਕਰ ਅਜਿਹਾ ਹੁੰਦਾ ਹੈ, ਤਾਂ ਤੁਹਾਨੂੰ ਵਕੀਲ ਦੀ ਸਹਾਇਤਾ ਨਾਲ ਆਪਣੀ ਜਾਣਕਾਰੀ ਅਦਾਲਤ ਵਿੱਚ ਪੇਸ਼ ਕਰਨ ਦਾ ਅਧਿਕਾਰ ਹੈ।
- ਤੁਹਾਨੂੰ ਆਪਣੀ ਫ਼ਾਈਲ ਵਿੱਚ ਰੱਖੀ ਗਈ ਜਾਣਕਾਰੀ ਜਾਣਨ ਦਾ ਅਧਿਕਾਰ ਹੈ ਅਤੇ ਤੁਸੀਂ ਆਪਣੀ ਫਾਈਲ ਜਾਣਕਾਰੀ ਦੀ ਇੱਕ ਕਾਪੀ ਮੰਗ ਸਕਦੇ ਹੋ।

ਆਪਣੇ ਅਧਿਕਾਰਾਂ ਦੀ ਵਰਤੋਂ ਕਿਵੇਂ ਕਰਨੀ ਹੈ ਇਸ ਬਾਰੇ ਹੋਰ ਜ਼ਿਆਦਾ ਜਾਣਨ ਲਈ, ਕਿਰਪਾ ਕਰਕੇ ਆਪਣੇ ਕਰਮਚਾਰੀ ਨੂੰ ਪੁੱਛੋ ਜਾਂ ਸਾਡੇ ਨਾਲ ਸੰਪਰਕ ਕਰਨ ਲਈ ਸਾਡੀ ਵੈੱਬਸਾਈਟ 'ਤੇ ਜਾਓ (ਤੁਸੀਂ ਹੇਠਾਂ ਦਿੱਤਾ QR ਕੋਡ ਵੀ ਸਕੈਨ ਕਰ ਸਕਦੇ ਹੋ)।